## ਇਕ ਨਜ਼ਰ ...

# ਈ.ਐਸ.ਆਈ.ਸੀ. ਵਲੋਂ ਸੈਮੀਨਾਰ ਦਾ ਆਯੋਜਨ



ਰਾਜਪੁਰਾ, 9 ਅਗੱਸਤ (ਦਲਜੀਤ ਸਿੰਘ ਸੈਦਖੇੜੀ) : ਭਾਰਤ ਸਰਕਾਰ ਦੇ ਅਦਾਰੇ ਕਰਮਚਾਰੀ ਰਾਜ ਬੀਮਾ ਨਿਗਮ(ਈਐਸਆਈਸੀ)ਵੱਲੋਂ ਰਾਜਪੁਰਾ ਦੇ ਫੋਕਲ ਪੁਆਇੰਟ ਸਥਿਤ ਕੌਮੀ ਲਘੂ ਉਦਯੋਗ ਨਿਗਮ ਵਿੱਚ ਮੈਨੇਜਰ ਮਨਮਿੰਦਰ ਸਿੰਘ ,ਸੁਰਿੰਦਰ ਸ਼ਰਮਾ ਅਤੇ ਦੀਵਾਨਸ਼ੂ ਦੀ ਅਗਵਾਈ ਵਿੱਚ ਨਿਗਮ ਵੱਲੋਂ ਸ਼ੁਰੂ ਕੀਤੀ ਗਈ ਸਪ੍ਰੀ ਯੋਜਨਾ ਸਬੰਧੀ ਇਕ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉਕਤ ਬੁਲਾਰਿਆਂ ਨੇ ਕਿਹਾ ਕਿ ਨਿਗਮ ਨੇ ਸਮਾਜਿਕ ਸੁਰੱਖਿਆ ਵਿੱਚ ਹਿੱਸਾ ਵਧਾਉਣ ਅਤੇ ਵੱਧ ਤੋਂ ਵੱਧ ਕਰਮਚਾਰੀਆਂ ਨੂੰ ਸਹੂਲਤਾਂ ਦਾ ਲਾਭ ਦੇਣ ਲਈ ਇੱਕ ਜੁਲਾਈ 2025 ਤੋਂ 31 ਦਸੰਬਰ 2025 ਤੱਕ ਲਈ ਸਪ੍ਰੀ ਸਕੀਮ ਸ਼ੁਰੂ ਕੀਤੀ ਹੈ। ਇਸ ਸਕੀਮ ਤਹਿਤ ਗੈਰ ਰਜਿਸਟਰਡ ਮਾਲਕਾਂ ਤੇ ਕਰਮਚਾਰੀਆਂ ਦੀ ਸਹੂਲਤ ਲਈ ਇੱਕ ਵਿਸ਼ੇਸ਼ ਖਿੜਕੀ ਸ਼ੁਰੂ ਕੀਤੀ ਹੈ, ਜਿਸ ਵਿੱਚ ਠੇਕਾ ਅਤੇ ਗੈਰ ਸੰਗਠਿਤ ਖੇਤਰ ਦੇ ਕਰਮਚਾਰੀ ਵੀ ਸ਼ਾਮਿਲ ਹਨ। ਉਨ੍ਹਾਂ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਇਸ ਸਕੀਮ ਤਹਿਤ ਮਾਲਕ ਨੂੰ ਰਜਿਸਟਰੇਸ਼ਨ ਦੀ ਤਰੀਕ ਤੋਂ ਆਪਣੀਆਂ ਇਕਾਈਆਂ ਅਤੇ ਕਰਮਚਾਰੀਆਂ ਨੂੰ ਈਐਸਆਈਸੀ ਪੋਰਟਲ,ਸੁਵਿਧਾ ਪੋਰਟਲ ਅਤੇ ਐਮ-31 ਪੋਰਟਲ 'ਤੇ ਆਨਲਾਈਨ/ ਡਿਜ਼ੀਟਲ ਤੌਰ ਤੇ ਰਜਿਸਟਰ ਕਰਨ ਦਾ ਅਧਿਕਾਰ ਹੈ । ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਇਸ ਯੋਜਨਾ ਦਾ ਮਕਸਦ ਉਦਯੋਗਾਂ ਅਤੇ ਕਾਮਿਆਂ ਨੂੰ ਈਐਸਆਈਸੀ ਦੇ ਦਾਇਰੇ ਵਿੱਚ ਲਿਆਉਣਾ ਤੇ ਸਮਾਜਿਕ ਸੁਰੱਖਿਆ ਪ੍ਰਦਾਨ ਕਰਨਾ ਹੈ। ਇਸ ਮੌਕੇ ਦੀਪਕ ਸ੍ਰੀਵਾਸਤਵਾ,ਅਜੇ ਗੋਇਲ, ਪ੍ਰਵੀਨ ਗਾਂਧੀ, ਰਵੀ ਸ਼ਰਮਾ, ਗੁਲਸ਼ਨ ਸੂਰੀ, ਸੁਸ਼ੀਲ ਕੁਮਾਰ, ਅਭਿਸ਼ੇਕ, ਪ੍ਰਭਜੋਤ ਸਿੰਘ, ਸੁਰਿੰਦਰ ਸਿੰਘ ,ਰੋਹਿਤ ਬਾਂਸਲ, ਮਹੇਸ਼ ਕੁਮਾਰ, ਨਰਿੰਦਰ ਸਿੰਘ, ਅਮਰਜੀਤ ਸਿੰਘ ਵੀ ਮੌਜੂਦ ਸਨ।

ਰੋਜ਼ਾਨਾ ਸਪੋਕਸਮੈਨ
RozanaSpokesman.com